ਸਤੰਬਰ ਪ੍ਰੀਖਿਆਵਾਂ

ਸਮਾਜਿਕ ਵਿਗਿਆਨ **VIII**

**Time : 3 Hours** **M. M.: 70**

ਪ੍ਰਸ਼ਨ 1. ਮਨੁੱਖੀ ਬੁੱਧੀ, ਗਿਆਨ ਅਤੇ ਕੰਮ ਕਰਨ ਦੀ ਕੁਸ਼ਲਤਾ ਨੂੰ ਕੀ ਕਿਹਾ ਜਾਂਦਾ ਹੈ?

1. ਕੁਦਰਤੀ ਸਾਧਨ 2. ਮਨੁੱਖੀ ਸਾਧਨ 3. ਪਰਮਾਣੂ ਸਾਧਨ 4. ਖਣਿਜ ਸਾਧਨ

ਪ੍ਰਸ਼ਨ 2. ਹੇਠ ਲਿਖਿਆਂ ਵਿੱਚੋਂ ਧਾਤੂ ਖਣਿਜ ਦੀ ਚੋਣ ਕਰੋ

1. ਪੈਟਰੋਲੀਅਮ 3. ਐਲੂਮੀਨੀਅਮ 2 ਅਬਰਕ 4. ਮੈਗਨੀਜ਼

ਪ੍ਰਸ਼ਨ 3. ਹੇਠ ਲਿਖਿਆਂ ਵਿੱਚੋਂ ਕਿਹੜੇ ਸਾਧਨ ਕਿਸੇ ਦੇਸ਼ ਦੀ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ ਅਖਵਾਉਂਦੇ ਹਨ ਅਤੇ ਉਸ ਦੀ ਤਾਕਤ ਅਤੇ ਖੁਸ਼ਹਾਲੀ ਦੀ ਆਧਾਰ ਮੰਨੇ ਜਾਂਦੇ ਹਨ।

1. ਕੁਦਰਤੀ ਸਾਧਨ 2. ਮਨੁੱਖੀ ਸਾਧਨ

3. ਪਰਮਾਣੂ ਸਾਧਨ 4. ਖਣਿਜ ਸਾਧਨ

ਪ੍ਰਸ਼ਨ 4, ਕੁਦਰਤੀ ਬਨਸਪਤੀ ਦੇ ਸੰਬੰਧ ਵਿੱਚ ਹੇਠ ਲਿਖਿਆ ਕਿਹੜਾ ਤੱਥ ਸਹੀ ਨਹੀਂ ਹੈ?

1. ਸਦਾਬਹਾਰ ਬਨਸਪਤੀ ਜਾਂ ਜੰਗਲ ਸਾਰਾ ਸਾਲ ਹੀ ਹਰੇ ਰਹਿੰਦੇ ਹਨ।

2. ਪੱਤਝੜੀ ਜੰਗਲ ਲੱਕੜ ਦੀ ਪ੍ਰਾਪਤੀ ਦੇ ਪੱਖੋਂ ਬਹੁਤ ਮਹੱਤਤਾ ਰੱਖਦੇ ਹਨ।

3. ਕੁਦਰਤੀ ਬਨਸਪਤੀ ਬਹੁਤ ਸਾਰੇ ਜੰਗਲੀ ਜਾਨਵਰਾਂ ਅਤੇ ਪੰਛੀਆਂ ਦੇ ਕੁਦਰਤੀ ਘਰਾਂ ਦੇ ਤੌਰ ਤੇ ਕੰਮ ਆਉਂਦੀ ਹੈ।

4. ਅਸਾਮ ਤੋਂ ਲੈ ਕੇ ਕਸ਼ਮੀਰ ਤੱਕ ਇਲਾਕਿਆਂ ਦੀਆਂ ਢਲਾਣਾਂ ਤੇ ਮਾਰੂਥਲੀ ਬਨਸਪਤੀ ਪਾਈ ਜਾਂਦੀ ਹੈ।

ਪ੍ਰਸ਼ਨ 5. ਸੰਸਾਰ ਦਾ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ?

1. ਆਸਟਰੇਲੀਆ 2. ਅਮਰੀਕਾ 3. ਦੱਖਣੀ ਅਫ਼ਰੀਕਾ 4. ਫਰਾਂਸ

ਪ੍ਰਸ਼ਨ 6. ਕੋਲੇ ਦੀਆਂ ਚਾਰ ਕਿਸਮਾਂ ਵਿੱਚੋਂ ਸਭ ਤੋਂ ਵਧੀਆ ਕਿਸਮ ਕਿਹੜੀ ਹੈ?

1. ਐਂਥਸਾਈਟ 2. ਬਿੱਟੂਮੀਨਸ 3. ਲਿਗਨਾਈਟ 4. ਪੀਟ

ਪ੍ਰਸ਼ਨ 7. ਹੇਠ ਲਿਖਿਆਂ ਵਿੱਚੋਂ ਗਲਤ ਤੱਥ ਦੀ ਪਹਿਚਾਣ ਕਰੋ।

1. ਪੁਸਤਕਾਂ ਤੋਂ ਸਾਨੂੰ ਸਾਹਿਤ, ਕਲਾ, ਵਿਗਿਆਨ, ਇਤਿਹਾਸ ਅਤੇ ਸੰਗੀਤ ਦੇ ਖੇਤਰਾਂ ਵਿੱਚ ਤਰੱਕੀ ਬਾਰੇ ਜਾਣਕਾਰੀ ਮਿਲਦੀ ਹੈ।

2. ਸਰਕਾਰੀ ਦਸਤਾਵੇਜ ਦਾ ਅਧਿਐਨ ਕਰਨ ਨਾਲ ਵੱਖ-2 ਭਾਰਤੀ ਤਾਕਤਾਂ ਅਤੇ ਵਿਦੇਸ਼ੀ ਤਾਕਤਾਂ ਦੇ ਆਪਸੀ ਵਿਹਾਰ ਬਾਰੇ ਜਾਣਕਾਰੀ ਮਿਲਦੀ ਹੈ।

3. ਇਤਿਹਾਸਕ ਇਮਾਰਤਾਂ ਸਾਨੂੰ ਭਾਰਤ ਦੀ ਭਵਨ ਉਸਾਰੀ ਕਲਾ ਦੇ ਵੱਖ-2 ਪਹਿਲੂਆਂ ਬਾਰੇ ਜਾਣਕਾਰੀ ਦਿੰਦੇ ਹਨ।

4. ਭਾਰਤ ਵਿੱਚ ਆਧੁਨਿਕ ਕਾਲ ਦਾ ਆਰੰਭ 16ਵੀਂ ਸਦੀ ਵਿੱਚ ਹੋਇਆ।

ਪ੍ਰਸ਼ਨ 8. ਹੇਠ ਲਿਖਿਆਂ ਵਿੱਚੋਂ ਕਿਹੜੀ ਲੜਾਈ 23 ਅਕਤੂਬਰ, 1764 ਈ. ਨੂੰ ਅੰਗਰੇਜ਼ਾਂ ਅਤੇ ਮੀਰ ਕਾਸਿਮ, ਸੂਜਾ-ਉਦ ਦੌਲਾ ਅਤੇ ਸ਼ਾਹ ਆਲਮ ਦੂਜੇ ਵਿਚਕਾਰ ਲੜੀ ਗਈ?

1. ਪਲਾਸੀ ਦੀ ਲੜਾਈ 3. ਪਾਈਪਤ ਦੀ ਲੜਾਈ

2. ਬਕਸਰ ਦੀ ਲੜਾਈ 4. ਕਰਨਾਟਕ ਦੀ ਲੜਾਈ

ਪ੍ਰਸ਼ਨ 9. ਕਿਹੜੇ ਐਕਟ ਦੁਆਰਾ ਕੰਪਨੀ ਨੂੰ ਵਪਾਰ ਦਾ ਸਾਰਾ ਕੰਮ ਛੱਡਣ ਨੂੰ ਕਿਹਾ ਗਿਆ ਤਾਂਕਿ ਉਹ ਆਪਣਾ ਸਾਰਾ ਧਿਆਨ ਸ਼ਾਸਨ ਪ੍ਰਬੰਧ ਵੱਲ ਲਗਾ ਸਕੇ।

1. ਚਾਰਟਰ ਐਕਟ 1853 ਈ. 2. ਚਾਰਟਰ ਐਕਟ 1833 ਈ.

3. ਪਿਟਸ ਇੰਡੀਆ ਐਕਟ 1784 ਈ. 4. ਰੈਗੂਲੈਟਿੰਗ ਐਕਟ 1773 ਈ.

ਪ੍ਰਸ਼ਨ 10. ਕਿਹੜੇ ਪ੍ਰਬੰਧ ਦੇ ਅਧੀਨ ਸਰਕਾਰ ਨੇ ਕਿਸਾਨਾਂ ਤੋਂ ਸਿੱਧਾ ਭੂਮੀ ਲਗਾਨ ਲੈਣ ਦਾ ਫੈਸਲਾ ਕੀਤਾ ਅਤੇ ਕਿਸਾਨਾਂ ਨੂੰ ਜਮੀਨਾਂ ਦੇ ਮਾਲਕ ਬਣਾ ਦਿੱਤਾ ਗਿਆ।

1. ਇਜ਼ਾਰੇਦਾਰੀ ਪ੍ਰਥਾ 2. ਰੱਈਅਤਵਾੜੀ ਪ੍ਰਬੰਧ

3. ਸਥਾਈ ਬੰਦੋਬਸਤ 4. ਮਹਿਲਵਾੜੀ ਪ੍ਰਬੰਧ

ਪ੍ਰਸ਼ਨ 11. ਛੋਟੇ ਨਾਗਪੁਰ ਇਲਾਕੇ ਵਿੱਚ ਅੰਗਰੇਜ਼ਾਂ ਵਿਰੁੱਧ ਸਭ ਤੋਂ ਪਹਿਲਾਂ ਕਿਸ ਕਬੀਲੇ ਨੇ ਅਤੇ ਕਦੋਂ ਵਿਦਰੋਹ ਕੀਤਾ?

1, ਸੰਥਾਲ ਕਬੀਲੇ ਨੇ, 1820 ਈ . ਵਿੱਚ

3. ਕੋਲ ਕਬੀਲੇ ਨੇ, 1820 ਈ ਵਿੱਚ

2. ਭੀਲ ਕਬੀਲੇ ਨੇ, 1820 ਈ ਵਿੱਚ .

4. ਮਿਜ਼ੋ ਕਬੀਲੇ ਨੇ, 1820 ਈ ਵਿੱਚ .

ਪ੍ਰਸ਼ਨ 12. 1857 ਈ. ਦੇ ਵਿਦਰੋਹ ਦਾ ਤਤਕਾਲੀ ਕਾਰਨ ਕੀ ਸੀ ?

1. ਭਾਰਤੀ ਲੋਕਾਂ ਨਾਲ ਭੈੜਾ ਵਰਤਾਓ

2. ਚਰਬੀ ਵਾਲੇ ਕਾਰਤੂਸ

3. ਭਾਰਤੀ ਸੈਨਿਕਾਂ ਨੂੰ ਯੁੱਧ ਵਿੱਚ ਭਾਗ ਲੈਣ ਲਈ ਸਮੁੰਦਰੋਂ ਪਾਰ ਭੇਜਣਾ

4. ਸਮਾਜਿਕ ਤੇ ਧਾਰਮਿਕ ਕੰਮਾਂ ਵਿੱਚ ਦਖ਼ਲਅੰਦਾਜ਼ੀ

13. ਹੇਠ ਲਿਖਿਆਂ ਵਿੱਚੋਂ ਭਾਰਤ ਵਿੱਚ ਕੌਣ ਸਰਵ ਉੱਚ ਹੈ

1. ਰਾਸ਼ਟਰਪਤੀ 3. ਮੁੱਖ ਮੰਤਰੀ 4. ਸੰਵਿਧਾਨ 2. ਪ੍ਰਧਾਨ ਮੰਤਰੀ

ਪ੍ਰਸ਼ਨ 14. ਭਾਰਤੀ ਸੰਵਿਧਾਨ ਨੇ ਮੌਲਿਕ ਅਧਿਕਾਰ ਕਿਹੜੇ ਦੇਸ਼ ਦੇ ਸੰਵਿਧਾਨ ਤੋਂ ਪ੍ਰੇਰਿਤ ਹੋ ਕੇ ਸ਼ਾਮਲ ਕੀਤੇ?

2. ਅਮਰੀਕਾ 4. ਇੰਗਲੈਂਡ 3. ਦੱਖਣੀ ਅਫ਼ਰੀਕਾ 1. ਰੂਸ

ਪ੍ਰਸ਼ਨ 15. ਕਿਸ ਅਧਿਕਾਰ ਤਹਿਤ ਮਨੁੱਖ ਦਾ ਵਪਾਰ ਕਰਨ, ਤਨਖਾਹ ਦਿੱਤੇ ਬਿਨਾਂ ਕੰਮ ਕਰਾਉਣ ਅਤੇ ਦੂਜਿਆਂ ਤੋਂ ਜ਼ਬਰਦਸਤੀ ਕੰਮ ਕਰਾਉਣ ਦੀ ਮਨਾਹੀ ਹੈ?

1. ਸਮਾਨਤਾ ਦਾ ਅਧਿਕਾਰ 2. ਸੁਤੰਤਰਤਾ ਦਾ ਅਧਿਕਾਰ

4. ਸਿੱਖਿਆ ਦਾ ਅਧਿਕਾਰ 3. ਸ਼ੋਸ਼ਣ ਵਿਰੁੱਧ ਅਧਿਕਾਰ

1x15

## ਵਸਤੂਨਿਸ਼ਠ ਪ੍ਰਸ਼ਨ

ਪ੍ਰਸ਼ਨ 1, ਮਿੱਟੀ, ਮੂਲ ਚੱਟਾਨ ਦੇ ਟੁੱਟਣ ਭੱਜਣ, ਜਲਵਾਯੂ, ਜੀਵਾਂ ਅਤੇ ਰੁੱਖਾਂ ਦੇ ਗਲਣ-ਸੜਣ ਆਦਿ ਤੱਤਾਂ ਦੇ ਅਸਰ ਕਾਰਨ ਬਣਦੀ ਹੈ। (ਸਹੀ/ਗਲਤ)

ਪ੍ਰਸ਼ਨ 2. ਭਾਰਤ ਦੇ ਕੁੱਲ ਖੇਤਰਫਲ ਦਾ ਕਿੰਨੇ % ਹਿੱਸਾ ਜੰਗਲਾਂ ਹੇਠ ਹੈ?

ਪ੍ਰਸ਼ਨ 3. ਜੰਗਲੀ ਜੀਵਾਂ ਲਈ ਭਾਰਤੀ ਬੋਰਡ ਦੀ ਸਥਾਪਨਾ ਕਦੋਂ ਕੀਤੀ ਗਈ।

ਪ੍ਰਸ਼ਨ 4. ਲਾਰਡ ਵਿਲੀਅਮ ਬੈਂਟਿੰਕ ਨੇ 1832 ਈ. ਵਿੱਚ ਬੰਗਾਲ ਵਿੱਚ ਨਿਆਂ ਪ੍ਰਥਾ ਦੀ ਸਥਾਪਨਾ ਕੀਤੀ। (ਸਹੀ/ਗਲਤ)

ਪ੍ਰਸ਼ਨ 5. ਰਾਈਗੰਜ ਵਿੱਚ ਕਿਹੜੀਆਂ ਖਾਣਾਂ ਹਨ?

ਪ੍ਰਸ਼ਨ 6. ________ ਉਹ ਕਾਨੂੰਨੀ ਦਸਤਾਵੇਜ ਹੈ ਜਿਸ ਅਨੁਸਾਰ ਦੇਸ਼ ਦਾ ਪ੍ਰਸ਼ਾਸਨ ਚਲਾਇਆ ਜਾਂਦਾ ਹੈ।

ਪ੍ਰਸ਼ਨ 7. ਭਾਰਤ ਛੱਡੋ ਅੰਦੋਲਨ ਕਦੋਂ ਚਲਾਇਆ ਗਿਆ?

ਪ੍ਰਸ਼ਨ 8. ਸੰਵਿਧਾਨ ਅਨੁਸਾਰ ਧਰਮ, ਜਾਤ, ਲਿੰਗ, ਨਸਲ ਦੇ ਆਧਾਰ ਤੇ ਭੇਦ ਭਾਵ ਕੀਤਾ ਜਾ ਸਕਦਾ ਹੈ। (ਸਹੀ/ਗਲਤ)

ਪ੍ਰਸ਼ਨ 9. ਭਾਰਤ ਵਿੱਚ ਸਿੱਖਿਆ ਅਧਿਕਾਰ ਐਕਟ ਕਦੋਂ ਤੋਂ ਲਾਗੂ ਹੈ?

ਪ੍ਰਸ਼ਨ 10. ਇਤਿਹਾਸ............................. ਦਾ ਅਧਿਐਨ ਹੈ।

ਪ੍ਰਸ਼ਨ 11 ਭਾਰਤ ਨਾਲ ਵਪਾਰ ਕਰਨ ਲਈ ਸਭ ਤੋਂ ਪਹਿਲਾਂ ਕਿਹੜੀ ਯੂਰਪੀ ਸ਼ਕਤੀ ਭਾਰਤ ਪਹੁੰਚੀ?

ਪ੍ਰਸ਼ਨ 12 ਸੰਸਾਰ ਦਾ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਦੇਸ਼ .................. ਹੈ।

1x12

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ 1. ਸਮੁੰਦਰਾਂ ਤੋਂ ਸਾਨੂੰ ਕੀ-ਕੀ ਪ੍ਰਾਪਤ ਹੁੰਦਾ ਹੈ?

ਪ੍ਰਸ਼ਨ 2. ਭਾਰਤ ਵਿੱਚ ਕੱਚਾ ਲੋਹਾ ਕਿੱਥੇ ਕਿੱਥੇ ਮਿਲਦਾ ਹੈ?

ਪ੍ਰਸ਼ਨ 3. ਸੰਵਿਧਾਨ ਤੋਂ ਕੀ ਭਾਵ ਹੈ??

ਪ੍ਰਸ਼ਨ 4. ਧਰਮ ਨਿਰਪੱਖਤਾ ਸ਼ਬਦ ਦਾ ਅਰਥ ਲਿਖੋ।

ਪ੍ਰਸ਼ਨ 5. ਕਦੋਂ ਅਤੇ ਕਿਹੜਾ ਪਹਿਲਾ ਭਾਰਤੀ ਸਿਵਲ ਸਰਵਿਸ ਦੀ ਪ੍ਰੀਖਿਆ ਪਾਸ ਕਰ ਸਕਿਆ ਸੀ?

ਪ੍ਰਸ਼ਨ 6. ਭਾਰਤ ਦੇ ਲਘੂ (ਛੋਟੇ) ਉਦਯੋਗਾਂ ਦੇ ਪਤਨ ਦੇ ਦੋ ਕਾਰਨ ਲਿਖੋ। 2x6

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ 1. ਵਿਕਸਤ ਅਤੇ ਸੰਭਾਵਤ ਸਾਧਨਾਂ ਨੂੰ ਉਦਾਹਰਣ ਸਹਿਤ ਸਮਝਾਓ। ਜਾਂ
ਖਣਿਜ ਪਦਾਰਥ ਸਾਨੂੰ ਕਿੱਥੋਂ ਪ੍ਰਾਪਤ ਹੁੰਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਕਿੱਥੇ ਕੀਤੀ ਜਾਂਦੀ ਹੈ?

ਪ੍ਰਸ਼ਨ 2. ਮਿੱਟੀ ਦੀਆਂ ਕਿਸਮਾਂ ਦੱਸ ਕੇ ਜਲੋਢੀ ਮਿੱਟੀ ਦੀ ਮਹੱਤਤਾ ਬਾਰੇ ਲਿਖੋ।
ਜਾਂ ਕੱਚਾ ਲੋਹਾ ਮੁੱਖ ਤੌਰ ਤੇ ਕਿਹੜੇ ਦੇਸ਼ਾਂ ਵਿੱਚੋਂ ਮਿਲਦਾ ਹੈ? ਇਸ ਦੀਆਂ ਕਿਸਮਾਂ ਦੇ ਨਾਮ ਲਿਖੋ।

ਪ੍ਰਸ਼ਨ 3. ਲੈਪਸ ਦੀ ਨੀਤੀ ਕੀ ਸੀ? ਜਾਂ
ਪਿਟਸ ਇੰਡੀਆ ਐਕਟ ਤੇ ਨੋਟ ਲਿਖੋ।

ਪ੍ਰਸ਼ਨ 4. ਸਥਾਈ ਬੰਦੋਬਸਤ ਕੀ ਸੀ ਅਤੇ ਉਸ ਦੇ ਕੀ ਆਰਥਿਕ ਪ੍ਰਭਾਵ ਪਏ? ਜਾਂ
ਬਿਰਸਾ ਮੁੰਡਾ ਬਾਰੇ ਤੁਸੀਂ ਕੀ ਜਾਣਦੇ ਹੋ?

ਪ੍ਰਸ਼ਨ 5. 19ਵੀਂ ਸਦੀ ਵਿੱਚ ਲਘੂ ਉਦਯੋਗਾਂ ਦੇ ਪਤਨ ਬਾਰੇ ਲਿਖੋ। ਜਾਂ
1857 ਈ. ਦੇ ਵਿਦਰੋਹ ਦੀ ਅਸਫਲਤਾ ਦੇ ਕਾਰਨ ਦੱਸੋ।

ਪ੍ਰਸ਼ਨ 6. 1858 ਈ. ਤੋਂ ਬਾਅਦ ਸੈਨਾ ਵਿੱਚ ਕਿਹੜੀਆਂ ਤਬਦੀਲੀਆਂ ਕੀਤੀਆਂ ਗਈਆਂ ? ਜਾਂ
ਬੰਗਾਲ ਦੀ ਦੋਹਰੀ ਸ਼ਾਸਨ ਪ੍ਰਣਾਲੀ ਤੇ ਨੋਟ ਲਿਖੋ।

ਪ੍ਰਸ਼ਨ 7. ਭਾਰਤੀ ਸੰਵਿਧਾਨ ਦਾ ਨਿਰਮਾਣ ਕਿਵੇਂ ਹੋਇਆ? ਜਾਂ
ਸੰਵਿਧਾਨ ਦੀ ਪ੍ਰਸਤਾਵਨਾ ਦੀ ਕੀ ਮਹੱਤਤਾ ਹੈ?

ਪ੍ਰਸ਼ਨ 8. ਸ਼ੋਸ਼ਣ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ। ਜਾਂ
ਸਮਾਨਤਾ ਤੋਂ ਕੀ ਭਾਵ ਹੈ? ਸੰਵਿਧਾਨ ਅਨੁਸਾਰ ਕਿਹੜੀਆਂ ਸਮਾਨਤਾਵਾਂ ਦਿੱਤੀਆਂ ਗਈਆਂ ਹਨ?

3x8

## ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਕੋਈ **7** ਸਥਾਨ ਦਰਸਾਓ।

| | |
|---|---|
| 1. ਭਾਰਤ ਦੇ ਉੱਤਰੀ ਮੈਦਾਨ | 2. ਗੰਗਾ ਅਤੇ ਬ੍ਰਹਮਪੁੱਤਰ ਦਰਿਆ |
| 3. ਜਲੰਢੀ ਮਿੱਟੀ ਦਾ ਇੱਕ ਖੇਤਰ | 4. ਕਾਲੀ ਮਿੱਟੀ ਵਾਲਾ ਇੱਕ ਰਾਜ |
| 5. ਸਦਾਬਹਾਰ ਜੰਗਲਾਂ ਵਾਲਾ ਇੱਕ ਖੇਤਰ | 6. ਸੋਨਾ ਉਤਪਾਦਨ ਦਾ ਇੱਕ ਖੇਤਰ |
| 7. ਕੱਚਾ ਲੋਹਾ ਪੈਦਾ ਕਰਨ ਵਾਲਾ ਖੇਤਰ | 8. ਤਾਂਬਾ ਪੈਦਾ ਕਰਨ ਵਾਲਾ ਖੇਤਰ |
| 9. ਮੈਗਨੀਜ਼ ਪੈਦਾ ਕਰਨ ਵਾਲਾ ਖੇਤਰ | 10. ਬਾਕਸਾਈਟ ਪੈਦਾ ਕਰਨ ਵਾਲਾ ਖੇਤਰ |

1x7